Provincial Health Services Authority

ਆਪਣੀ ਛਾਤੀ ਦੀ ਜਾਂਚ ਕਰਵਾਉਣ ਲਈ ਐਪੁਆਂਇੰਟਮੈਂਟ ਬੁੱਕ ਕਰੋ

ਕਦਮ ਵਾਰ ਹਦਾਇਤਾਂ

ਹੋਰ ਭਸ਼ਾਵਾਂ ਵਿੱਚ ਵੀ ਉਪਲੱਬਧ ਹੈ।

ਆਪਣਾ ਬੁਕਿੰਗ ਕੋਡ ਲੱਭੋ

1. ਤੁਹਾਡਾ **ਬੁਕਿੰਗ ਕੋਡ** ਬੀਸੀ ਕੈਂਸਰ ਵੱਲੋਂ ਤੁਹਾਡੀ ਛਾਤੀ (ਬ੍ਰੈੱਸਟ) ਦੀ ਜਾਂਚ (ਸਕਰੀਨਿੰਗ) ਕਰਵਾਉਣ ਲਈ ਆਏ ਪੱਤਰ ਵਿੱਚ ਲੱਭਿਆ ਜਾ ਸਕਦਾ ਹੈ (ਹੇਠਾਂ ਦੇਖੋ)।



ਆਪਣਾ ਬੁਕਿੰਗ ਕੋਡ ਦਾਖਲ ਕਰੋ

2. ਜਿਵੇਂ ਦਿਖਾਇਆ ਗਿਆ ਹੈ, ਉਸੇ ਤਰ੍ਹਾਂ ਵੈੱਬਸਾਈਟ 'ਤੇ ਆਪਣਾ ਬੁਕਿੰਗ ਕੋਡ ਦਾਖਲ ਕਰੋ।
3. ਆਪਣਾ ਕੋਡ ਦਾਖਲ ਕਰਨ ਤੋਂ ਬਾਅਦ, ਆਪਣੇ ਆਪ ਨੂੰ ਪ੍ਰਮਾਣਿਤ ਕਰਨ ਲਈ 'ਮੈਂ ਰੋਬੋਟ ਨਹੀਂ ਹਾਂ' ਖਾਨੇ 'ਤੇ ਕਲਿੱਕ ਕਰੋ।
4. ਪੂਰਾ ਹੋਣ ਤੋਂ ਬਾਅਦ, ਅਗਲੇ ਪੰਨੇ 'ਤੇ ਜਾਣ ਲਈ ਜਾਮਨੀ ਰੰਗ ਦੇ 'ਬੁੱਕ ਕਰਨ ਵਾਲੇ ਪੰਨੇ'ਤੇ ਜਾਓ' ਬਟਨ 'ਤੇ ਕਲਿੱਕ ਕਰੋ।



ਆਪਣੀ ਯੋਗਤਾ ਦੀ ਪੁਸ਼ਟੀ ਕਰੋ – ਭਾਗ 1

5. ਉਹ ਸਾਰੇ ਚੁਣੋ ਜਿਹੜੇ ਤੁਹਾਡੇ 'ਤੇ ਲਾਗੂ ਹੁੰਦੇ ਹਨ ਅਤੇ ਫਿਰ **‘ਸਬਮਿਟ’** 'ਤੇ ਕਲਿੱਕ ਕਰੋ।



ਤੁਹਾਡੇ 'ਤੇ ਲਾਗੂ ਹੋਣ ਵਾਲੀਆਂ ਚੋਣਾਂ ਦੀ ਚੋਣ ਕਰੋ।

6. ਜੇਕਰ ਤੁਸੀਂ **‘ਉਪਰੋਕਤ ਵਿੱਚੋਂ ਕੋਈ ਨਹੀਂ’** ਦੀ ਚੋਣ ਕਰਦੇ ਹੋ, ਤਾਂ ਤੁਸੀਂ ਅਗਲੇ ਪੰਨੇ 'ਤੇ ਚਲੇ ਜਾਓਗੇ। ਜੇਕਰ ਤੁਸੀਂ ਪਹਿਲੀਆਂ 3 ਚੋਣਾਂ ਵਿੱਚੋਂ ਇੱਕ ਚੁਣਦੇ ਹੋ, ਤਾਂ ਤੁਹਾਡੇ ਕੋਲ ਆਪਣੇ ਬ੍ਰੈਸਟ ਸਕਰੀਨਿੰਗ ਦੇ ਰਿਕਾਰਡ ਨੂੰ ਅੱਪਡੇਟ ਕਰਨ ਅਤੇ ਰਿਮਾਈਂਡਰ ਆਉਣੇ ਬੰਦ ਕਰਵਾਉਣ ਦੀ ਚੋਣ ਹੋਵੇਗੀ। ਜੇਕਰ ਤੁਸੀਂ ਬਾਕੀ ਚੋਣਾਂ ਨੂੰ ਚੁਣਦੇ ਹੋ, ਤਾਂ ਤੁਹਾਨੂੰ ਤੁਹਾਡੀ ਸਕਰੀਨਿੰਗ ਹਾਲਤ ਬਾਰੇ ਸੂਚਿਤ ਕੀਤਾ ਜਾਵੇਗਾ।



7. ਜੇਕਰ ਤੁਸੀਂ **‘ਬ੍ਰੈੱਸਟ ਸਕਰੀਨਿੰਗ ਪ੍ਰੋਗਰਾਮ ਤੋਂ ਪਾਸੇ ਪਿਛਲੇ 12 ਮਹੀਨਿਆਂ ਵਿੱਚ ਦੋਵਾਂ ਛਾਤੀਆਂ 'ਤੇ ਮੇਰਾ ਮੈਮੋਗ੍ਰਾਮ ਹੋਇਆ ਹੈ’** ਚੁਣਦੇ ਹੋ, ਤਾਂ ਕਿਰਪਾ ਕਰਕੇ ਆਪਣੇ ਆਖਰੀ ਮੈਮੋਗ੍ਰਾਮ ਦੀ ਤਾਰੀਖ ਦਾਖਲ ਕਰੋ।



ਆਪਣੀ ਯੋਗਤਾ ਦੀ ਪੁਸ਼ਟੀ ਕਰੋ – ਭਾਗ 2

8. ਤੁਹਾਡੇ 'ਤੇ ਲਾਗੂ ਹੋਣ ਵਾਲੀਆਂ ਸਾਰੀਆਂ ਚੋਣਾਂ ਨੂੰ ਚੁਣੋ ਅਤੇ ਫਿਰ **'ਸਬਮਿਟ'** 'ਤੇ ਕਲਿੱਕ ਕਰੋ।



ਤੁਹਾਡੇ 'ਤੇ ਲਾਗੂ ਹੋਣ ਵਾਲੀਆਂ ਚੋਣਾਂ ਦੀ ਚੋਣ ਕਰੋ।

9. ਜੇਕਰ ਤੁਸੀਂ **'ਮੈਨੂੰ ਆਪਣੀ ਐਪੁਆਂਇੰਟਮੈਂਟ ਵੇਲੇ ਦੁਭਾਸ਼ੀਏ ਦੀ ਲੋੜ ਹੈ'** ਨੂੰ ਚੁਣਦੇ ਹੋ ਤਾਂ ਕਿਰਪਾ ਕਰਕੇ ਆਪਣੀ ਪਸੰਦ ਦੀ ਭਾਸ਼ਾ ਚੁਣੋ। ਜੇਕਰ ਤੁਹਾਡੀ ਪਸੰਦ ਦੀ ਭਾਸ਼ਾ ਸੂਚੀ ਵਿੱਚ ਨਹੀਂ ਹੈ, ਤਾਂ **'ਹੋਰ'** ਨੂੰ ਚੁਣੋ ਅਤੇ ਆਪਣੀ ਪਸੰਦ ਦੀ ਭਾਸ਼ਾ ਦਾ ਨਾਂ ਟੈਕਸਟ ਵਾਲੇ ਖਾਨੇ ਵਿੱਚ ਟਾਈਪ ਕਰੋ।



ਕਿਰਪਾ ਕਰਕੇ ਆਪਣੀ ਪਸੰਦ ਦੀ ਭਾਸ਼ਾ ਚੁਣੋ।

ਆਪਣੀ ਸੰਪਰਕ ਜਾਣਕਾਰੀ ਦੀ ਪੁਸ਼ਟੀ ਕਰੋ

10. ਆਪਣੀ ਨਿੱਜੀ ਜਾਣਕਾਰੀ ਦਾਖਲ ਕਰੋ ਜਾਂ ਉਸ 'ਤੇ ਝਾਤ ਮਾਰੋ ਜਿਸ ਵਿੱਚ ਤੁਹਾਡਾ '**ਨਾਮ**', '**ਡਾਕ ਪਤਾ**', '**ਫੋਨ ਨੰਬਰ**' ਅਤੇ '**ਈਮੇਲ**' ਸ਼ਾਮਲ ਹਨ ਅਤੇ ਫਿਰ '**ਜਾਰੀ ਰੱਖੋ**' ਬਟਨ 'ਤੇ ਕਲਿੱਕ ਕਰੋ।



ਆਪਣੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ (ਸਿਹਤ ਸੰਭਾਲ ਦੀਆਂ ਸੇਵਾਵਾਂ ਦੇਣ ਵਾਲੇ) ਦੀ ਜਾਣਕਾਰੀ ਦਿਓ

11. ਅੱਗੇ, ਅਸੀਂ ਪੁੱਛਾਂਗੇ ਕਿ ਕੀ ਤੁਹਾਡੇ ਕੋਲ ਇਸ ਵੇਲੇ ਕੋਈ ਪ੍ਰਾਇਮਰੀ ਕੇਅਰ ਪ੍ਰੋਵਾਈਡਰ (ਜਿਵੇਂ, ਡਾਕਟਰ, ਨਰਸ ਪ੍ਰੈਕਟੀਸ਼ਨਰ) ਹੈ ਜਾਂ ਕੋਈ ਪ੍ਰਾਇਮਰੀ ਕੇਅਰ ਕਲੀਨਿਕ ਹੈ ਜਿੱਥੇ ਤੁਸੀਂ ਸਿਹਤ ਸੰਭਾਲ ਲਈ ਜਾਂਦੇ ਹੋ। *ਤੁਹਾਡੀ ਬ੍ਰੈੱਸਟ ਸਕਰੀਨਿੰਗ ਦੀ ਐਪੁਆਂਇੰਟਮੈਂਟ ਔਨਲਾਈਨ ਬੁੱਕ ਕਰਨ ਲਈ ਇੱਕ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਜਾਂ ਕਲੀਨਿਕ ਦੀ ਲੋੜ ਹੁੰਦੀ ਹੈ।*
12. ਕਿਰਪਾ ਕਰਕੇ ਹੇਠ ਲਿਖਿਆਂ ਵਿੱਚੋਂ ਇੱਕ ਚੁਣੋ ਜਿਹੜਾ ਤੁਹਾਡੇ 'ਤੇ ਲਾਗੂ ਹੁੰਦਾ ਹੈ:



ਤੁਹਾਡੇ 'ਤੇ ਲਾਗੂ ਹੋਣ ਵਾਲੀ ਸਭ ਤੋਂ ਚੁਕਵੀਂ ਚੋਣ ਨੂੰ ਚੁਣੋ।

13. ਜੇਕਰ ਤੁਸੀਂ ਚੁਣਦੇ ਹੋ ਕਿ ਤੁਹਾਡੇ ਕੋਲ ਕੋਈ ਪ੍ਰੋਵਾਈਡਰ ਜਾਂ ਕਲੀਨਿਕ ਹੈ, ਤਾਂ ਇੱਕ ਨਵਾਂ ਸੈਕਸ਼ਨ ਦਿਖਾਈ ਦੇਵੇਗਾ ਜਿਸ ਵਿੱਚ ਤੁਹਾਨੂੰ ਉਨ੍ਹਾਂ ਬਾਰੇ ਜਾਣਕਾਰੀ ਦਾਖਲ ਕਰਨ ਲਈ ਕਿਹਾ ਜਾਵੇਗਾ। ਜੇਕਰ ਤੁਹਾਡੇ ਕੋਲ ਕੋਈ ਪ੍ਰੋਵਾਈਡਰ ਜਾਂ ਕਲੀਨਿਕ ਨਹੀਂ ਹੈ, ਤਾਂ ਕਿਰਪਾ ਕਰਕੇ ਫ਼ੋਨ ਰਾਹੀਂ ਆਪਣੀ ਐਪੁਆਂਇੰਟਮੈਂਟ ਬੁੱਕ ਕਰਨ ਲਈ 1-800-663-9203 'ਤੇ ਫੋਨ ਕਰੋ। ਤੁਹਾਨੂੰ ਆਪਣੀ ਔਨਲਾਈਨ ਬੁਕਿੰਗ ਜਾਰੀ ਰੱਖਣ ਦੀ ਲੋੜ ਨਹੀਂ ਹੈ।
    - ਪ੍ਰੋਵਾਈਡਰ ਬਾਰੇ ਚੋਣ:



ਆਪਣੇ ਪ੍ਰੋਵਾਈਡਰ ਬਾਰੇ ਜਿਹੜਾ ਕੁਝ ਤੁਸੀਂ ਜਾਣਦੇ ਹੋ ਉਹ ਦਾਖਲ ਕਰੋ।

- ਕਲੀਨਿਕ ਬਾਰੇ ਚੋਣ:



14. ਜਿਹੜਾ ਕੁਝ ਤੁਸੀਂ ਜਾਣਦੇ ਹੋ ਉਹ ਦਾਖਲ ਕਰੋ ਅਤੇ **'ਖੋਜ'** 'ਤੇ ਕਲਿੱਕ ਕਰੋ। *ਜੇਕਰ ਤੁਹਾਨੂੰ ਕੁਝ ਵੇਰਵਿਆਂ ਬਾਰੇ ਪੱਕਾ ਪਤਾ ਨਹੀਂ ਹੈ ਤਾਂ ਤੁਹਾਨੂੰ ਸਾਰੇ ਖੇਤਰ ਭਰਨ ਦੀ ਲੋੜ ਨਹੀਂ ਹੈ।*
15. ਫਿਰ ਤੁਹਾਨੂੰ ਪ੍ਰਾਇਮਰੀ ਕੇਅਰ ਪ੍ਰੋਵਾਈਡਰਾਂ ਦੀ ਇੱਕ ਸੂਚੀ ਦਿਖਾਈ ਦੇਵੇਗੀ ਜਿਹੜੀ ਤੁਹਾਡੇ ਦੁਆਰਾ ਦਿੱਤੇ ਗਏ ਵੇਰਵਿਆਂ ਨਾਲ ਮੇਲ ਖਾਂਦੀ ਹੋਵੇਗੀ। ਆਪਣੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ 'ਤੇ ਕਲਿੱਕ ਕਰੋ ਅਤੇ ਫਿਰ **'ਜਾਰੀ ਰੱਖੋ'** 'ਤੇ ਕਲਿੱਕ ਕਰੋ।



16. ਜੇਕਰ ਤੁਹਾਨੂੰ ਆਪਣਾ ਪ੍ਰੋਵਾਈਡਰ ਸੂਚੀ ਵਿੱਚ ਦਿਖਾਈ ਨਹੀਂ ਦਿੰਦਾ, ਤਾਂ ਪੰਨੇ ਦੇ ਖੱਬੇ ਪਾਸੇ **'ਨਤੀਜੇ ਸੋਧੋ'** ਭਾਗ ਵਿੱਚ ਹੋਰ ਜਾਣਕਾਰੀ ਦੇਣ, ਉਸ ਨੂੰ ਬਦਲਣ ਜਾਂ ਹਟਾਉਣ ਦੀ ਕੋਸ਼ਿਸ਼ ਕਰੋ।
17. ਜੇਕਰ ਤੁਹਾਡਾ ਪ੍ਰੋਵਾਈਡਰ ਹਾਲੇ ਵੀ ਸੂਚੀ ਵਿੱਚ ਨਹੀਂ ਹੈ, ਤਾਂ ਕਿਰਪਾ ਕਰਕੇ **'ਮੇਰਾ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਅਤੇ/ਜਾਂ ਐਡਰੈੱਸ ਸੂਚੀ ਵਿੱਚ ਨਹੀਂ ਹੈ'** ਦੀ ਚੋਣ ਕਰੋ ਅਤੇ **'ਜਾਰੀ ਰੱਖੋ'** 'ਤੇ ਕਲਿੱਕ ਕਰਨ ਤੋਂ ਪਹਿਲਾਂ ਆਪਣੇ ਪ੍ਰੋਵਾਈਡਰ ਬਾਰੇ ਜਾਣਕਾਰੀ ਹੱਥੀਂ ਦਾਖਲ ਕਰੋ।



ਆਪਣਾ ਸਥਾਨ ਚੁਣੋ

18. ਅੱਗੇ, ਆਪਣੇ ਸਭ ਤੋਂ ਨੇੜਲੇ ਸਕਰੀਨਿੰਗ ਸੈਂਟਰ ਨੂੰ ਲੱਭਣ ਲਈ ਸਰਚ ਬਾਰ ਦੀ ਵਰਤੋਂ ਕਰੋ।



19. ਇੱਕ ਵਾਰ ਜਦੋਂ ਤੁਸੀਂ ਆਪਣੀ ਪਸੰਦ ਦਾ ਸਕਰੀਨਿੰਗ ਸੈਂਟਰ ਲੱਭ ਲੈਂਦੇ ਹੋ, ਤਾਂ **‘ਇਸ ਸਥਾਨ ਨੂੰ ਚੁਣੋ’** 'ਤੇ ਕਲਿੱਕ ਕਰੋ ਅਤੇ ਫਿਰ ਜਾਮਨੀ ਰੰਗ ਦੇ **‘ਜਾਰੀ ਰੱਖੋ’** ਬਟਨ 'ਤੇ ਕਲਿੱਕ ਕਰੋ।



ਆਪਣੀ ਤਾਰੀਖ ਅਤੇ ਸਮਾਂ ਚੁਣੋ

20. ਅੱਗੇ, ਤੁਸੀਂ ਸਾਰੀਆਂ ਉਪਲਬਧ ਤਾਰੀਖਾਂ ਅਤੇ ਸਮੇਂ ਵਾਲਾ ਇੱਕ ਕੈਲੰਡਰ ਵੇਖੋਗੇ।
21. ਕਿਰਪਾ ਕਰਕੇ ਆਪਣੀ ਪਸੰਦ ਦੀ ਤਾਰੀਖ ਅਤੇ ਸਮਾਂ ਚੁਣੋ ਅਤੇ ਜਾਮਨੀ ਰੰਗ ਦੇ **‘ਜਾਰੀ ਰੱਖੋ’** ਬਟਨ 'ਤੇ ਕਲਿੱਕ ਕਰੋ।



ਐਪੁਆਂਇੰਟਮੈਂਟ ਦੇ ਵੇਰਵਿਆਂ ਦੀ ਪੁਸ਼ਟੀ ਕਰੋ

22. ਅੱਗੇ, ਸਕਰੀਨ 'ਤੇ ਦਿਖਾਏ ਗਏ ਸਾਰੇ ਵੇਰਵਿਆਂ 'ਤੇ ਝਾਤ ਮਾਰੋ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਇਹ ਸਹੀ ਹਨ।



23. ਜੇਕਰ ਵੇਰਵੇ ਗਲਤ ਹਨ, ਤਾਂ **‘ਐਡਿਟ’** ਬਟਨ 'ਤੇ ਕਲਿੱਕ ਕਰੋ।
24. ਜੇਕਰ ਵੇਰਵੇ ਸਹੀ ਹਨ, ਤਾਂ ਜਾਮਨੀ ਰੰਗ ਦੇ **‘ਹੁਣੇ ਪੁਸ਼ਟੀ ਕਰੋ’** ਬਟਨ 'ਤੇ ਕਲਿੱਕ ਕਰੋ।

ਤੁਹਾਡੀ ਐਪੁਆਂਇੰਟਮੈਂਟ ਬੁੱਕ ਹੋ ਗਈ ਹੈ!

25. ਤੁਹਾਡੀ ਐਪੁਆਂਇੰਟਮੈਂਟ ਸਫਲਤਾਪੂਰਵਕ ਬੁੱਕ ਹੋ ਗਈ ਹੈ।